੨੨੩

ਤੀਰਥ ਅਤੇ ਤੀਰਥ ਯਾਤਰਾ

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਜਿਸ ਤਰ੍ਹਾਂ ਹੋਰ ਅਨੇਕ ਭਰਮ ਭੁਲੇਖੇ ਅਤੇ ਕੁਰੀਤੀਆਂ ਸਾਡੇ ਗੁਆਂਢੀ ਧਰਮਾਂ ਅਤੇ ਵਿਸ਼ਵਾਸਾਂ ਤੋਂ ਅਣਚਾਹੇ ਅਤੇ ਬੇਲੋੜੇ ਹੀ ਸਾਡੇ ਅੰਦਰ ਧਸੇ ਹੋਏ ਹਨ, ਬਿਲਕੁਲ ਇਸੇ ਤਰ੍ਹਾਂ ਤੀਰਥਾਂ ਸੰਬੰਧੀ ਵੀ ਕਿਹਾ ਜਾ ਸਕਦਾ ਹੈ। ਗੁਰਮਤਿ ਅੰਦਰ ਤੀਰਥ ਯਾਤਰਾ ਦਾ ਕਿਸੇ ਵੀ ਪ੍ਰਕਾਰ ਦਾ ਮਹਾਤਮ ਜਾਂ ਪ੍ਰਯੋਜਨ ਸਾਨੂੰ ਕਿਧਰੇ ਵੀ ਅੰਕਿਤ ਕੀਤਾ ਹੋਇਆ ਨਹੀਂ ਮਿਲਦਾ। ਪਰ ਫਿਰ ਵੀ ਅਸੀਂ ਤੀਰਥਾਂ ਅਤੇ ਤੀਰਥ ਯਾਤਰਾ ਸੰਬੰਧੀ ਸੰਵੇਦਨਸ਼ੀਲ ਅਤੇ ਉਤਸ਼ਾਹਿਤ ਹੀ ਰਹਿੰਦੇ ਹਾਂ ਅਤੇ ਇਹ ਇੱਕ ਪ੍ਰਛਾਵੇਂ ਵਾਂਗ ਸਾਡੇ ਮਗਰ ਹੀ ਲੱਗਾ ਹੋਇਆ ਹੈ। ਅਸੀਂ ਜੋਤਿ ਸਰੂਪ ਗੁਰਬਾਣੀ ਦੇ ਹੁੰਦਿਆਂ ਹੋਇਆਂ ਵੀ ਇਸ ਤੋਂ ਆਪਣਾ ਪਿੱਛਾ ਨਹੀਂ ਛੁਡਾ ਸਕੇ।

ਦੁਬਿਧਾ ਵਿੱਚ ਪਾਉਣ ਵਾਲੇ ਅਨੇਕਾਂ ਵਿਦਵਾਨ ਗੁਰੂ ਅਮਰਦਾਸ ਜੀ ਦੇ ਗੰਗਾ ਜਾਂ ਹਰਿਦੁਆਰ ਜਾਣ ਨੂੰ ਤੀਰਥ ਯਾਤਰਾ ਦੱਸ ਕੇ ਭਰਮ ਪਾਉਣ ਵਿੱਚ ਨਹੀਂ ਉਕਦੇ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਤੀਰਥ ਯਾਤਰਾ ਸਬੰਧੀ ਕਹੇ ਗਏ ਉਤਮ ਹੁਕਮਾਂ ਨੂੰ ਵੀ ਤੋੜ ਮਰੋੜ ਕੇ ਹੋਰ ਤਰੀਕੇ ਨਾਲ ਪੇਸ਼ ਕਰਦੇ ਹਨ।

ਹਿੰਦੂ ਮਤ ਮਤਾਂਤਰਾਂ ਵਿੱਚ ਤੀਰਥ ਯਾਤਰਾ, ਚਾਰ ਧਾਮ ਯਾਤਰਾ, ਕੈਲਾਸ਼, ਸੁਮੇਰ ਜਾਂ ਹੋਰ ਕਈ ਦੇਵ ਅਸਥਾਨਾਂ ਦੀ ਯਾਤਰਾ ਦੀ ਵਿਸ਼ੇਸ਼ ਮਹਿਮਾਂ ਕੀਤੀ ਹੋਈ ਹੈ। ਅਸੀਂ ਵੀ ਇੰਨ੍ਹਾਂ ਦੇ ਸਮਾਨਾਂਤਰ, ਗੁਰੂ ਹੁਕਮਾਂ ਦੀ ਗਹਿਰਾਈ ਵਿੱਚ ਜਾਏ ਬਗੈਰ ਅਨੇਕਾਂ ਅਡੰਬਰ ਅਤੇ ਪ੍ਰਪੰਚ ਬਣਾ ਲਏ ਹਨ।

ਕੀ ਸਿੱਖ ਗੁਰਧਾਮਾਂ ਅਤੇ ਗੁਰਦੁਆਰਿਆਂ ਦੀ ਯਾਤਰਾ ਨਾ ਕਰਨ? ਕਿਉਂ ਨਾ ਕਰਨ, ਅਵੱਸ਼ ਕਰਨ ਪਰ ਉਸ ਤਰ੍ਹਾਂ ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਦਰਸਾਇਆ ਹੈ:

– ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥ (੬੮੭)

ਜੇ ਤੀਰਥਾਂ ਤੇ ਨਹਾਉਣ ਜਾਣਾ ਹੈ, ਤੀਰਥ ਯਾਤਰਾ ਕਰਨੀ ਹੈ ਤਾਂ ਸਭ ਤੋਂ ਵੱਡਾ ਤੀਰਥ ਨਾਲ ਹੈ ਅਤੇ ਇਸ ਤੀਰਥ ਦੀ ਯਾਤਰਾ ਸ਼ਬਦ ਦੀ ਵਿਚਾਰ ਹੈ। ਇਹੀ ਵਿਚਾਰ ਅੰਤਰ ਆਤਮੇ ਵਿੱਚ ਗਿਆਨ ਪ੍ਰਦਾਨ ਕਰਕੇ ਨਾਮ ਉਜਾਗਰ ਕਰ ਦਏਗਾ ਅਤੇ ਗੁਰਸਿੱਖ ਆਪ ਵੀ ਪਵਿੱਤਰ ਹੋ ਜਾਵੇਗਾ ਅਤੇ ਮਨ ਨਿਰਮਲ ਹੋ ਜਾਵੇਗਾ। ਅਠਾਹਟ ਤੀਰਥਾਂ ਤੇ ਅਤੇ ਚਾਰ ਧਾਮਾਂ ਤੇ ਜਾਣ ਦੀ ਲੋੜ ਨਹੀਂ ਭਾਸੇਗੀ। ਅੰਦਰੇ ਹੀ ਮਨ ਦਾ ਮਜਨ ਹੋ ਜਾਣ ਨਾਲ ਮਨ ਨਿਰਮਲ ਹੋ ਜਾਵੇਗਾ। ਮਨ ਮੈਲਾ ਹੈ ਤਾਂ ਸਭ ਕੁਝ ਮੈਲਾ ਹੈ। ਤਨ ਧੋਤਿਆਂ ਮਨ ਕਦੀ ਨਿਰਮਲ ਨਹੀਂ ਹੋਵੇਗਾ। ਇਸ ਪ੍ਰਕਾਰ ਜੋ ਗਿਆਨ ਪ੍ਰਾਪਤ ਹੋਵੇਗਾ ਉਹੀ ਸੱਚਾ ਸੁੱਚਾ ਤੇ ਉੱਚਾ ਤੀਰਥ ਹੈ। ਇਸ ਗਿਆਨ ਪ੍ਰਾਪਤੀ ਮਗਰੋਂ ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਇਕਾਦਸ਼ੀ, ਸੋਮਾਵਤੀ ਮੱਸਿਆ, ਸਾਵਣ ਦੀ ਪਹਿਲੀ ਮੱਸਿਆ ਜਾਂ ਹਰ ਮਹੀਨੇ ਦੀ ਦਸਵੀਂ, ਦੁਸਹਿਰੇ ਤੇ ਦਰਿਆਵਾਂ, ਤਲਾਬਾਂ ਅਤੇ ਛੱਪੜਾਂ ਆਦਿ ਤੇ ਨਹਾਉਣ ਦੀ ਲੋੜ ਨਹੀਂ ਰਹਿ ਜਾਵੇਗੀ। ਗੁਰੂ ਨਾਨਕ ਪਾਤਿਸ਼ਾਹ ਕਹਿੰਦੇ ਹਨ ਕਿ ਬੱਸ ਇਸੇ ਪਵਿੱਤਰ ਨਾਮ ਦੀ ਮੈਂ ਜਾਚਨਾ ਕਰਦਾ ਹਾਂ। ਇਹੀ ਮੇਰੀ ਮੰਗ ਹੈ, ਹੇ ਅਕਾਲ ਪੁਰਖ ਪਿਤਾ! ਇਸੇ ਨੂੰ ਮੇਰੇ ਅੰਦਰ ਉਜਾਗਰ ਕਰ ਦਿਉ ਜੀ!

ਜਪੁਜੀ ਸਾਹਿਬ ਦਾ ਫੁਰਮਾਨ ਹੈ ਕਿ ਮੈਂ ਤੀਰਥਾਂ ਤੇ ਤਾਂ ਨਹਾਵਾਂ ਜੇ ਇਹ ਨਹਾਉਣਾ ਵਾਹਿਗੁਰੂ ਨੂੰ ਚੰਗਾ ਲੱਗੇ। ਜਾਂ ਇੰਜ ਕਹੀਏ ਕਿ ਮੈਂ ਉਹ ਕੰਮ ਕਰਾਂ ਜਿਸ ਕਾਰਨ ਮੈਂ ਵਾਹਿਗੁਰੂ ਨੂੰ ਚੰਗਾ ਲੱਗਾਂ ਤੇ ਉਹ ਮੈਨੂੰ ਖ਼ੁਦ ਪਿਆਰ ਕਰਨ ਲੱਗ ਪਏ। ਇਸ ਦੀ ਵਿਧੀ ਪਿਤਾ ਗੁਰੂ ਨਾਨਕ ਪਹਿਲਾਂ ਉੱਪਰ ਦੱਸ ਆਏ ਹਨ ਕਿ ਮੈਂ ਕੀ ਕਰਾਂ, ਮੂੰਹੋਂ ਕਿਹੜੇ ਬੋਲ

ਬੋਲਾਂ ਜਿਸ ਨਾਲ ਵਾਹਿਗੁਰੂ ਮੈਨੂੰ ਪਿਆਰ ਕਰਨ ਲੱਗ ਪਵੇ। ਉਹ ਤਰੀਕਾ ਹੈ ਕਿ ਅੰਮ੍ਰਿਤ ਵੇਲੇ ਉੱਠਕੇ ਉਸ ਦੀ ਵਡਿਆਈ ਕਰੀਏ ਅਤੇ ਉਸ ਸ਼ਬਦ ਗੁਰੂ ਨਿਰੰਕਾਰ ਦਾ ਵਿਚਾਰ ਕਰੀਏ।

- ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥ (੨)

ਗੱਲ ਬੜੀ ਸਪੱਸ਼ਟ ਹੈ ਕਿ ਸਾਰੀ ਸ੍ਰਿਸ਼ਟੀ ਉਸ ਦੀ ਮਿਹਰ ਸਦਕਾ ਸਾਜੀ, ਸਿਰਜੀ ਅਤੇ ਨਿਵਾਜੀ ਹੋਈ ਹੈ। ਜੇ ਗੁਰੂ ਪਾਤਸ਼ਾਹ ਦੀ ਇਹ ਇੱਕ ਗੱਲ ਭਲੀ ਪ੍ਰਕਾਰ ਦ੍ਰਿੜ੍ਹ ਕਰ ਲਈ ਜਾਵੇ ਤਾਂ ਜਾਣੀਏ ਕਿ ਮਨ ਮਾਂਜਿਆ ਗਿਆ, ਅੰਦਰ ਨਾਮ ਦਾ ਵਾਸਾ ਹੋ ਗਿਆ ਅਤੇ ਦੇਹੀ ਤੀਰਥ ਵਰਗੀ ਪਵਿੱਤਰ ਹੋ ਗਈ।

ਇੰਨ੍ਹਾਂ ਪਵਿੱਤਰ ਬਚਨਾਂ ਦੀ ਪ੍ਰੋੜ੍ਹਤਾ ਗੁਰੂ ਅਰਜਨ ਦੇਵ ਜੀ ਕਰਦਿਆਂ ਦੱਸਦੇ ਹਨ ਕਿ ਨੌਂ ਨਿਧੀਆਂ ਦਾ ਖ਼ਜ਼ਾਨਾ ਅੰਮ੍ਰਿਤ ਰੂਪੀ ਪ੍ਰਭੂ ਦਾ ਨਾਮ ਹੈ ਅਤੇ ਦੇਹੀ ਦੇ ਅੰਦਰ ਹੀ ਇਸ ਦਾ ਬਿਸ੍ਰਾਮ ਹੈ:

- ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥ (੨੯੩)

ਪ੍ਰਭੂ ਦਾ ਨਾਮ ਬਹੁਤ ਮਿੱਠਾ ਹੈ। ਸਭ ਰਚਨਾ ਉਸੇ ਦੀ ਹੈ ਅਤੇ ਸਾਰੀ ਰਚਨਾ ਵਿੱਚ ਉਹ ਆਪ ਰਚਿਆ ਹੋਇਆ ਹੈ। ਨਾਮ ਦਾ ਵਾਸਾ ਅੰਤਹਕਰਣ ਵਿੱਚ ਹੈ। ਉਸ ਦਾ ਕੋਈ ਰੌਲਾ ਜਾਂ ਹੋਰ ਖੱਪ ਨਹੀਂ ਅਤੇ ਨਾ ਹੀ ਸਾਨੂੰ ਖਪਣ ਦੀ ਲੋੜ ਹੈ। ਗੁਰਮਤਿ ਨੇ ਸਾਡਾ ਨਾਸਣ ਭਾਜਣ, ਭੱਜਣਾ-ਦੌੜਨਾ, ਊਠਕ-ਬੈਠਕ ਅਤੇ ਹੋਰ ਤਰ੍ਹਾਂ-ਤਰ੍ਹਾਂ ਦੇ ਸਰੀਰਕ ਅਭਿਆਸ ਮੁਕਾ ਦਿੱਤੇ ਹਨ। ਉਸ ਅਨਾਹਦ ਨਾਦ ਨੂੰ ਅੰਦਰੋਂ ਹੀ ਸੁਣ ਕੇ ਵਿਸਮਾਦ ਵਿੱਚ ਆਉਣਾ ਹੈ। ਇਹ ਜਾਚ ਗੁਰੂ ਪਾਂਧੇ ਨੇ ਆਪਣੇ ਸ਼ਬਦ ਭਾਵ ਪਾਠ ਵਿੱਚ ਸਾਨੂੰ ਭਲੀ ਪ੍ਰਕਾਰ ਸਿਖਾ ਦਿੱਤੀ ਹੈ।

ਨਾਮ ਨਿਹਾਦ ਤੀਰਥਾਂ ਦੇ ਉਤੇ ਜੋ ਕੁਝ ਹੋ ਰਿਹਾ ਹੈ, ਉਸ ਦਾ ਜ਼ਿਕਰ ਵੀ ਗੁਰੂ ਗ੍ਰੰਥ ਸਾਹਿਬ ਅੰਦਰ ਵਿਸਥਾਰ ਸਹਿਤ ਮਿਲਦਾ ਹੈ। ਹੁਕਮ ਹੈ ਕਿ ਡਾਢੀਆਂ ਤਿਆਰੀਆਂ ਕੱਸਕੇ ਤੀਰਥਾਂ ਤੇ ਨਹਾਉਣ ਲਈ ਤੁਰ ਪਏ। ਗਏ ਤਾਂ ਸੀ ਮੈਲ ਉਤਾਰਕੇ ਆਵਾਂਗੇ ਪਰ ਹੋਇਆ ਇਹ ਕਿ ਦੂਣੀ ਮੈਲ ਹੋਰ ਚੜ੍ਹਾਕੇ, ਥੱਕ ਟੁੱਟ ਕੇ ਘਰਾਂ ਨੂੰ ਆ ਗਏ। ਜਿਹੋ ਜਿਹਾ ਮਨ ਖੋਟਾ ਚੋਰ ਸੀ, ਉਸ ਤੋਂ ਵੀ ਬਹੁਤਾ ਚਾਤਰ ਤੇ ਸ਼ਾਤਰ ਹੋ ਕੇ ਪਰਤ ਆਇਆ:

- ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥ (੭੮੯)

ਤੀਰਥਾਂ ਦੇ ਸਰੋਵਰਾਂ, ਤਲਾਬਾਂ ਜਾਂ ਦਰਿਆਵਾਂ ਵਿੱਚ ਨਹਾਉਣ ਨਾਲ ਮਨ ਤਾਂ ਖੋਟੇ ਦਾ ਖੋਟਾ ਹੀ ਰਿਹਾ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਜੇ ਤੁੰਮੇ ਨੂੰ ਬਾਹਰੋਂ ਕੋਈ ਚੰਗੀ ਤਰ੍ਹਾਂ ਧੋਅ ਦੇਵੇ ਤਾਂ ਉਸਦੇ ਅੰਦਰ ਦਾ ਜ਼ਹਿਰ ਤਾਂ ਨਹੀਂ ਜਾਵੇਗਾ। ਕਰਨਾ ਤਾਂ ਮਨ ਨੂੰ ਨਿਰਮਲ ਹੈ, ਭਰਨਾਂ ਤਾਂ ਮਨ ਨੂੰ ਪ੍ਰੀਤ ਨਾਲ ਹੈ। ਤੀਰਥਾਂ ਤੇ ਨਾਤਿਆਂ ਹੋਰ ਹਉਮੈ ਵਧੀ ਕਿ ਮੈਂ ਸਾਰੇ ਤੀਰਥਾਂ ਦੀ ਯਾਤਰਾ ਕਰ ਆਇਆ ਹਾਂ। ਬਣਿਆ ਤਾਂ ਕੱਖ ਵੀ ਨਹੀਂ। ਸਾਧ ਜਨ ਅਣਨਾਤੇ ਹੀ ਚੰਗੇ ਹਨ ਕਿਉਂਕਿ ਉਹ ਫਿਤਰਤੀ ਤੌਰ ਤੇ ਭਲੇ ਪੁਰਸ਼ ਹਨ। ਚੋਰ ਜਿਹੋ ਜਿਹੇ ਚੋਰ ਸਨ ਉਹੋ ਜਿਹੇ ਹੀ ਚੋਰ ਰਹਿਣਗੇ। ਉਹ ਨਾਤਿਆਂ ਕੁਝ ਹੋਰ ਨਹੀਂ ਹੋ ਗਏ, ਉਹ ਕਠੋਰ ਪੱਥਰ ਵਾਂਗ ਭਿੱਜਦੇ ਵੀ ਨਹੀਂ। ਉਹ ਕਿਵੇਂ ਸਉਰ ਜਾਣਗੇ, ਸੋ ਤੀਰਥ ਨਾਮ ਹੀ ਹੈ ਅਤੇ ਨਾਮ ਦਾ ਵਾਸਾ ਮਨ ਦੇ ਅੰਦਰ ਹੀ ਹੈ।

ਇੱਥੇ ਇੱਕ ਗੰਭੀਰ ਪ੍ਰਸ਼ਨ ਉਪਜਦਾ ਹੈ ਕਿ ਕੀ ਅਸੀਂ ਗੁਰਧਾਮਾਂ ਦੀ ਯਾਤਰਾ ਨਾ ਕਰੀਏ? ਅਜਿਹਾ ਬਿਲਕੁਲ ਵੀ ਨਹੀਂ ਹੈ। ਸਾਡੀ ਤਾਂ ਨਿੱਤ ਦੀ ਅਰਦਾਸ ਵਿੱਚ ਅਕਾਲ ਪੁਰਖ ਤੋਂ ਇਹ ਮੰਗ ਹੈ ਕਿ ਸਰਬੱਤ ਗੁਰਧਾਮਾਂ, ਗੁਰ ਤੀਰਥਾਂ ਤੇ ਗੁਰ ਨਿਸ਼ਾਨਾਂ ਦਾ ਧਿਆਨ ਧਰ ਖ਼ਾਲਸਾ ਜੀ ਬੋਲੋ ਜੀ ਵਾਹਿਗੁਰੂ। ਕਰਨ ਵਾਲੀ ਗੱਲ ਇਹ ਹੈ ਕਿ ਅਸੀਂ ਤੀਰਥਾਂ ਤੇ ਜਾ ਕੇ ਆਪਣੇ ਬੱਚਿਆਂ ਨੂੰ ਇਹ ਸਮਝਾਈਏ ਤੇ ਖ਼ੁਦ ਵਿਚਾਰੀਏ ਕਿ ਇਸ ਪਵਿੱਤਰ ਗੁਰ ਅਸਥਾਨ ਤੇ

ਗੁਰੂ ਪਾਤਸ਼ਾਹਾਂ ਨੇ ਕੀ ਅਤੇ ਕਿਵੇਂ ਕੀਤਾ? ਚਮਕੌਰ ਦੀ ਗੜ੍ਹੀ ਵਿੱਚ ਕੀ ਬਚਨ ਹੋਏ? ਅਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਕੀ ਹੁਕਮ ਕੀਤਾ? ਉਹ ਕਿਹੜੀ ਬਾਤ ਸੀ ਜਿਸ ਕਾਰਨ ਗੋਰਖਮਤਾ ਨਾਨਕ ਮਤਾ ਬਣ ਗਿਆ ਅਤੇ ਰੀਠੇ ਮਿੱਠੇ ਹੋ ਗਏ? ਉਹ ਕੀ ਮਿਹਰਾਮਤ ਸੀ ਜਿਸ ਨਾਲ ਗੁਰੂ ਤੇਗ ਬਹਾਦਰ ਜੀ ਦੇ ਕੌੜੀ ਨਿੰਮ ਦੇ ਰੁੱਖ ਹੇਠਾਂ ਬੈਠਣ ਮਗਰੋਂ ਉਸ ਪਾਸੇ ਦੀਆਂ ਪੱਤੀਆਂ ਮਿੱਠੀਆਂ ਹੋ ਗਈਆਂ ਜੋ ਅੱਜ ਤੱਕ ਕੌੜੀਆਂ ਨਹੀਂ? ਦੇਖਣਾ ਇਹ ਹੈ ਕਿ ਅਸੀਂ ਉਹ ਮਿਠਤ ਤੇ ਪ੍ਰੇਮ ਕਿਸ ਤਰ੍ਹਾਂ ਹਾਸਲ ਕਰਨਾ ਹੈ। ਸਾਨੂੰ ਦ੍ਰਿੜ੍ਹਤਾ ਭਰੀ ਨਿਮਰਤਾ ਕਿਵੇਂ ਪ੍ਰਾਪਤ ਹੋਵੇਗੀ ਕਿ ਅੰਦਰੋਂ ਹੀ ਨਾਮ ਉਜਾਗਰ ਹੋ ਜਾਵੇ? ਗੁਰੂ ਤੇਗ ਬਹਾਦਰ ਸਾਹਿਬ ਆਪਣੀਆਂ ਭਾਰਤ ਫੇਰੀਆਂ ਦੌਰਾਨ ਕੁਲ ੩੨੦੦ ਥਾਵਾਂ ਤੇ ਗਏ, ਉਥੇ ਮਾਨਵੀ ਆਤਮਾ ਦੇ ਕਲਿਆਣ ਲਈ ਕੀ-ਕੀ ਹੁਕਮ ਕੀਤੇ, ਸਾਂਭਣਾ ਤਾਂ ਇਹ ਵਿਰਸਾ ਹੈ।

ਤੀਰਥ ਸਬੰਧੀ ਮੁੱਕਦੀ ਗੱਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਖੀ ਹੈ। ਐਸੇ ਮਨੁੱਖ ਦੁਨੀਆਂ ਵਿੱਚ ਬਹੁਤ ਵਿਰਲੇ ਹਨ ਜਿਨ੍ਹਾਂ ਨੂੰ ਅਕਾਲ ਪੁਰਖ ਨੇ ਪਰਖ ਕੇ ਆਪਣੇ ਖ਼ਜ਼ਾਨੇ ਵਿੱਚ ਪਾ ਲਿਆ ਹੈ। ਉਨ੍ਹਾਂ ਗੁਰਮੁਖਾਂ ਨੇ ਜਾਤ, ਵਰਣ, ਇਲਾਕੇ ਆਦਿ ਦਾ ਅਭਿਮਾਨ ਤਿਆਗ ਦਿੱਤਾ। ਬਿਲਕੁੱਲ ਐਸਾ ਹੀ ਹੁਕਮ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਦੇਣ ਲਗਿਆਂ ਕੀਤਾ। ਜਿਸ ਤੇ ਉਹ ਕ੍ਰਿਪਾ ਕਰ ਦਏ ਉਸਨੂੰ ਉਹ ਸਮਝਾ ਦਏ:

– ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ॥
ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ॥
ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ॥ (੧੩੪੫)

ਇੰਨ੍ਹਾਂ ਪਵਿੱਤਰ ਪੁਰਖਾਂ ਨੇ ਮਮਤਾ, ਮੋਹ, ਲੋਭ, ਲਾਲਚ ਅਤੇ ਹਉਮੈ ਦਾ ਗੁਰੂ ਕ੍ਰਿਪਾ ਦੁਆਰਾ ਖਾਤਮਾ ਕਰ ਦਿੱਤਾ। ਅਜਿਹੇ ਪੁਰਖ ਹੀ ਖ਼ੁਦ ਤੀਰਥ ਹਨ, ਸਗੋਂ ਤੀਰਥਾਂ ਤੋਂ ਵੀ ਨਿਰਮਲ ਹਨ। ਐਸੇ ਉੱਤਮ ਪ੍ਰਵਿਰਤੀ ਦੇ ਪਵਿੱਤਰ ਪੁਰਖ ਗੁਰਮੁਖਿ ਨੂੰ ਭਾਵ ਅਕਾਲ ਪੁਰਖ ਨੂੰ ਚੰਗੇ ਲੱਗਦੇ ਹਨ। ਜਗਤ ਗੁਰੂ ਜੋਤਿ ਰੂਪ ਗੁਰੂ ਨਾਨਕ ਸਾਹਿਬ ਉਨ੍ਹਾਂ ਦੇ ਪੈਰਾਂ ਨੂੰ ਧੋਂਦੇ ਹਨ। ਪਾਤਸ਼ਾਹ ਨੇ ਨਿਰਣਾ ਤਾਂ ਕਰ ਦਿੱਤਾ ਕਿ ਤੀਰਥ ਕਿਹੜਾ ਹੈ, ਜੋ ਹੁਣ ਅਸਾਂ ਦੇਖਣਾ ਹੈ।

ਤੀਰਥ ਇਸ਼ਨਾਨ ਨਿਸਫ਼ਲ ਹਨ

– ਤੀਰਥ ਨਾਇ ਨ ਉਤਰਸਿ ਮੈਲੁ॥ ਕਰਮ ਧਰਮ ਸਭਿ ਹਉਮੈ ਫੈਲੁ॥ (੯੯੦)

ਤੀਰਥਾਂ ਉਪਰ ਇਸ਼ਨਾਨ ਕਰਨ ਨਾਲ ਹਉਮੈ ਦੀ ਮੈਲ ਨਹੀਂ ਉੱਤਰ ਸਕਦੀ ਸਗੋਂ ਇਹੋ ਜਿਹੇ ਕਰਮ ਹਉਮੈ ਨੂੰ ਹੋਰ ਵਧਾਉਂਦੇ ਹਨ। ਇਹ ਹਉਮੈ ਰੂਪੀ ਮੈਲ ਕਦੇ ਵੀ ਉੱਤਰ ਨਹੀਂ ਸਕਦੀ ਭਾਵੇਂ ਲੱਖਾਂ ਤੀਰਥਾਂ ਦੇ ਇਸ਼ਨਾਨ ਕੀਤੇ ਜਾਣ:

– ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥ (੩੯)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਪੱਸ਼ਟ ਨਿਰਣਾ ਹੈ ਕਿ ਤੀਰਥਾਂ ਦੇ ਭਰਮਣ ਨਾਲ ਹਉਮੈ ਦਾ ਰੋਗ ਦੂਰ ਨਹੀਂ ਹੋ ਸਕਦਾ। ਨਾਮ ਤੋਂ ਬਗੈਰ ਕਿਵੇਂ ਸੁੱਖ ਮਿਲ ਸਕਦਾ ਹੈ?

– ਤੀਰਥਿ ਭਰਮਸਿ ਬਿਆਧਿ ਨ ਜਾਵੈ॥ ਨਾਮ ਬਿਨਾ ਕੈਸੇ ਸੁਖੁ ਪਾਵੈ॥ (੯੦੬)

ਪੁੰਨਦਾਨ ਤੇ ਅਨੇਕ ਤੀਰਥਾਂ ਤੇ ਨਾਉਣ ਨਾਲ ਕਿਵੇਂ ਅੰਦਰ ਦੀ ਮੈਲ ਧੋਤੀ ਜਾ ਸਕਦੀ ਹੈ, ਕਦਾਚਿਤ ਨਹੀਂ:

– ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ॥ (੨੪੩)

ਭੇਖ ਧਾਰਨ ਨਾਲ, ਤੀਰਥਾਂ ਤੇ ਜਾ ਕੇ ਇਸ਼ਨਾਨ ਅਤੇ ਦਾਨ ਕਰਨ ਨਾਲ ਕੁਝ ਵੀ ਪਲੇ ਨਹੀਂ ਪੈਂਦਾ। ਗੁਰੂ ਨਾਨਕ ਸਾਹਿਬ ਜੀ ਸਵਾਲ ਕਰਦੇ ਹਨ ਕਿ ਵੇਦ ਪੜ੍ਹਨ ਵਾਲਿਆਂ ਤੋਂ ਪੁੱਛੋ ਕਿ ਹਰੀ ਨੂੰ ਮਨ ਵਿੱਚ ਵਸਾਉਣ ਤੋਂ ਬਿਨਾਂ ਲੁਕਾਈ ਠੱਗੀ ਨਹੀਂ ਜਾ ਰਹੀ?

– ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ॥ ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ॥ (੧੦੧੨)

ਇਸ ਪ੍ਰਸ਼ਨ ਦੇ ਉੱਤਰ ਵਿੱਚ ਕਿ ਆਪ ਕਿਹੜੇ ਤੀਰਥ ਤੇ ਇਸ਼ਨਾਨ ਕਰਦੇ ਹੋ ਤਾਂ ਹਜ਼ੂਰ ਫੁਰਮਾਉਂਦੇ ਹਨ ਕਿ ਹਰੀ ਨੂੰ ਤੀਰਥ ਸਰੋਵਰ ਜਾਣ ਕੇ ਅਸੀਂ ਆਪਣੇ ਮਨ ਨੂੰ ਉਸ ਵਿੱਚ ਇਸ਼ਨਾਨ ਕਰਾਉਂਦੇ ਹਾਂ:

– ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ॥ (੧੨੮੬)

ਸਤਿਗੁਰਾਂ ਦਾ ਫੁਰਮਾਨ ਹੈ ਕਿ ਤੀਰਥਾਂ ਦੇ ਇਸ਼ਨਾਨ ਦਾ ਕੋਈ ਵੀ ਲਾਭ ਨਹੀਂ। ਤੀਰਥ ਕੇਵਲ ਨਾਮ ਹੀ ਹੈ, ਸ਼ਬਦ ਦੀ ਵਿਚਾਰ ਹੈ ਜੋ ਅੰਤਰ ਆਤਮੇ ਗਿਆਨ ਦਿੰਦੀ ਹੈ:

– ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ (੬੮੭)

ਗੁਰੂ ਸਾਹਿਬ ਆਪਣਾ ਸਿਧਾਂਤ ਨਿਰੂਪਣ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਪਰਮੇਸ਼ਰ ਦੇ ਤੁਲ ਹੋਰ ਕੋਈ ਤੀਰਥ ਨਹੀਂ। ਤੁਕ ਇਸ ਤਰ੍ਹਾਂ ਹੈ:

– ਗੁਰ ਸਮਾਨਿ ਤੀਰਥੁ ਨਹੀ ਕੋਇ॥ (੧੩੨੮)

ਕੇਵਲ ਗੁਰੂ ਦੀ ਵਿਚਾਰ ਹੀ ਤੀਰਥ ਇਸ਼ਨਾਨ ਹੈ, ਇਸ ਦੇ ਤੁਲ ਹੋਰ ਕੁਝ ਵੀ ਨਹੀਂ:

– ਤੀਰਥ ਮਜਨੁ ਗੁਰ ਵੀਚਾਰਾ॥ (੪੧੧)

ਗੁਰਮਤਿ ਦਾ ਨਿਰਣਾ ਹੈ ਕਿ ਕ੍ਰੋੜਾਂ ਦਾਨ ਤੇ ਇਸ਼ਨਾਨ ਕਰਨ ਨਾਲ ਅਤੇ ਹੋਰ ਅਨੇਕ ਤਰ੍ਹਾਂ ਦੀਆਂ ਸੁਚਮਤਾਈਆਂ ਨਾਲ ਪਵਿੱਤਰਤਾ ਨਹੀਂ ਹੋ ਸਕਦੀ। ਕੇਵਲ ਹਰੀ ਦਾ ਰਸਨਾ ਨਾਲ ਕੀਤਾ ਸਿਮਰਨ ਹੀ ਸਾਰੇ ਪਾਪ ਕੱਟਣਹਾਰ ਹੈ:

– ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ॥
ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ॥ (੭੦੬)

– ਤੀਰਥਿ ਭਰਮਸਿ ਬਿਆਧਿ ਨ ਜਾਵੈ॥ ਨਾਮ ਬਿਨਾ ਕੈਸੇ ਸੁਖੁ ਪਾਵੈ॥ (੯੦੬)

ਤੀਰਥਾਂ ਦੇ ਭਰਮਣ ਅਤੇ ਇਸ਼ਨਾਨ ਕਰਨ ਨਾਲ ਹਉਮੈ ਰੋਗ ਦੂਰ ਨਹੀਂ ਹੋ ਸਕਦਾ। ਨਾਮ ਤੋਂ ਬਿਨਾਂ ਕਿਵੇਂ ਸੁੱਖ ਪ੍ਰਾਪਤ ਹੋ ਸਕਦਾ ਹੈ? ਪੰਚਮ ਪਾਤਿਸ਼ਾਹ ਫੁਰਮਾਉਂਦੇ ਹਨ:

– ਤੀਰਥ ਨਾਇ ਨ ਉਤਰਸਿ ਮੈਲੁ॥ (੯੯੦)

ਤੀਰਥਾਂ ਤੇ ਨਹਾਉਣ ਨਾਲ ਹਉਮੈ ਰੂਪੀ ਮੈਲ ਨਹੀਂ ਉਤਰ ਸਕਦੀ। ਪਹਿਲੀ ਪਾਤਸ਼ਾਹੀ ਪ੍ਰਸ਼ਨ ਵਾਚਕ ਤੁਕ ਰਾਹੀਂ ਪੁੱਛ ਕਰਦੇ ਹਨ ਕਿ ਦੱਸੋ ਪੁੰਨਦਾਨ ਤੇ ਅਨੇਕ ਤੀਰਥਾਂ ਤੇ ਨਹਾਉਣ ਨਾਲ ਕਿਵੇਂ ਮਨ ਦੀ ਮੈਲ ਧੋਤੀ ਜਾ ਸਕਦੀ ਹੈ? ਤੁਕ ਇਸ ਤਰ੍ਹਾਂ ਹੈ:

– ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ॥ (੨੪੩)

ਫਿਰ ਹਜ਼ੂਰ ਪੁੱਛ ਕਰਕੇ ਪੁੱਛਦੇ ਹਨ:

– ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ॥ ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ॥ (੧੦੧੨)

ਮੈਂ ਵੇਦ ਪੜ੍ਹਾਕੂਆਂ ਨੂੰ ਪੁੱਛਦਾ ਹਾਂ ਕਿ ਭੇਖਾਂ ਨਾਲ, ਦਾਨ ਕਰਨ ਨਾਲ ਤੇ ਤੀਰਥ ਇਸ਼ਨਾਨਾਂ ਨਾਲ ਕਿਵੇਂ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ? ਭਾਵ ਕਦਾਚਿਤ ਨਹੀਂ, ਜਦ ਤਾਈਂ ਨਾਮ ਨੂੰ ਅੰਤਰ ਆਤਮੇ ਨਾ ਵਸਾਈਏ, ਤਦ ਤਾਈਂ ਲੁਕਾਈ ਭਰਮ ਭਰਾਂਤਾਂ ਵਿੱਚ ਠੱਗੀ ਜਾਂਦੀ ਰਹੇਗੀ। ਮੁੜ ਫਿਰ ਹਜ਼ੂਰ ਪੁੱਛ ਕਰਦੇ ਹਨ ਕਿ:

– ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ॥ (੧੦੧੩)

ਅਠਾਹਟ ਤੀਰਥਾਂ ਤੇ ਇਸ਼ਨਾਨ ਕਰਨ ਵਾਲੇ ਭਰਮ ਵਿੱਚ ਖੱਜਲ ਖੁਆਰ ਹੋ ਰਹੇ ਹਨ। ਇਸ ਤਰ੍ਹਾਂ ਇਸ਼ਨਾਨ ਕਰਨ ਨਾਲ ਕਿਵੇਂ ਪਾਪਾਂ ਦੀ ਮੈਲ ਧੋਤੀ ਜਾ ਸਕਦੀ ਹੈ? ਹਜ਼ੂਰ ਦਾ ਸਿਧਾਂਤ ਤਾਂ ਇਹ ਹੈ:

– ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ॥ (੬੩੭)

ਜਲ ਨਾਲ ਮਲ ਕੇ ਸਰੀਰ ਦੇ ਇਸ਼ਨਾਨ ਕਰਾਉਣ ਨਾਲ ਸਰੀਰ ਮੁੜ ਮੈਲਾ ਹੋ ਜਾਂਦਾ ਹੈ ਅਤੇ ਗਿਆਨ ਦੇ ਵੱਡੇ ਰਸ ਭਰੇ ਸਰੋਵਰ ਵਿੱਚ ਨਹਾ ਕੇ ਮਨ ਤੇ ਤਨ ਨਿਰਮਲ ਹੋ ਜਾਣਗੇ। ਹਜ਼ੂਰ ਦਾ ਫੁਰਮਾਨ ਹੈ ਕਿ ਤੀਰਥਾਂ ਤੇ ਮੈਂ ਤਦ ਨ੍ਹਾਵਾਂ ਜੇ ਉਸ ਪ੍ਰਭੂ ਨੂੰ ਭਾਵਾਂ। ਜੇ ਉਸ ਪ੍ਰਭੂ ਨੂੰ ਇਹ ਗੱਲ ਨਹੀਂ ਭਾਉਂਦੀ ਤਾਂ ਨਹਾਕੇ ਕੀ ਕਰਾਂ? ਗੁਰ ਫੁਰਮਾਨ ਇਸ ਤਰ੍ਹਾਂ ਹੈ:

– ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥ (੨)

– ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥ (੬੮੭)

ਤੀਰਥਾਂ ਤੇ ਕਿਉਂ ਨਾਉਣ ਜਾਣਾ ਹੈ ਜਦ ਕਿ ਕੇਵਲ ਗੁਰੂ ਦੇ ਸ਼ਬਦ ਦੀ ਵਿਚਾਰ ਹੀ ਗੁਰੂ ਤੀਰਥ ਹੈ ਜਿਸ ਦੀ ਵਿਚਾਰ ਨਾਲ ਅੰਤਰ ਆਤਮੇ ਗਿਆਨ ਪ੍ਰਤੱਖ ਹੁੰਦਾ ਹੈ। ਗੁਰੂ ਦਾ ਗਿਆਨ ਹੀ ਸੱਚਾ ਤੀਰਥ ਅਸਥਾਨ ਹੈ। ਏਹੋ ਹੀ ਦਸ ਪੁਰਬੀਆਂ ਹਨ ਅਤੇ ਏਹੋ ਹੀ ਦਸ ਪਾਪ ਹਰਨ ਵਾਲਾ ਸਦੀਵੀ ਪੁਰਬ ਹੈ ਭਾਵ "ਦਸਹਿਰਾ" ਤਾਂ ਇੱਕੋ ਦਿਨ ਆਉਂਦਾ ਹੈ ਪਰ ਇਹ ਪੁਰਬ ਸਦਾ ਹੀ ਲਗਾ ਰਹਿੰਦਾ ਹੈ।

ਇਥੇ ਨੋਟ ਕਰਨ ਵਾਲੀ ਗੱਲ ਹੈ ਕਿ ਹਿੰਦੂ ਮੱਤ ਅਨੁਸਾਰ ਦਸ ਪਵਿੱਤਰ ਦਿਹਾੜਿਆਂ (ਦਸ ਪੁਰਬ) ਉਪਰ ਇਸ਼ਨਾਨ ਕਰਨਾ ਬਹੁਤ ਹੀ ਮਹੱਤਵਪੂਰਨ ਹੈ। ਇਹ ਦਸ ਪੁਰਬ ਹਨ-ਅਸ਼ਟਮੀ ਦਾ ਦਿਨ, ਚੌਦਸ ਦਾ ਦਿਨ, ਅਮਾਵਸ, ਪੂਰਨਮਾਸ਼ੀ, ਸੰਕਰਾਂਤ, ਉਤਰਾਇਣ, ਦਖਣਾਇਣ, ਵਘਤਪਾਤ, ਚੰਦ੍ਰਮਾ ਗ੍ਰਹਿਣ ਦਾ ਦਿਨ, ਸੂਰਜ ਗ੍ਰਹਿਣ ਦਾ ਦਿਨ।

ਗੁਰਮਤਿ ਦ੍ਰਿੜ੍ਹਾਉਂਦੀ ਹੈ ਕਿ ਕੇਵਲ ਗੁਰੂ ਦੇ ਸ਼ਬਦ ਦੀ ਵਿਚਾਰ ਹੀ ਦਸ ਪੁਰਬਾਂ ਦਾ ਇਸ਼ਨਾਨ ਤੇ ਦਸਹਿਰਾ ਹੈ। ਤੀਰਥ ਕੇਵਲ ਪੂਰਾ ਸਤਿਗੁਰੂ ਹੀ ਹੈ ਜੋ ਰਾਤ ਦਿਨ ਹਰੀ ਦੇ ਨਾਮ ਨੂੰ ਧਿਆਉਂਦਾ ਹੈ, ਤੁਕ ਇਸ ਤਰ੍ਹਾਂ ਹੈ:

– ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥ (੧੪੦)

– ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ॥ (੪੩੭)

ਹੇ ਨਾਨਕ! ਗੁਰੂ ਬਰਾਬਰ ਹੋਰ ਕੋਈ ਤੀਰਥ ਨਹੀਂ। ਗੁਰੂ ਸੱਚਾ ਤੇ ਸ੍ਰਿਸ਼ਟੀ ਦਾ ਪਾਲਣਹਾਰ ਹੈ।

ਪੰਜਵੇਂ ਨਾਨਕ ਜੀ ਫੁਰਮਾਉਂਦੇ ਹਨ ਕਿ ਜਿਹੜਾ ਤੀਰਥਾਂ ਤੇ ਨਾਉਂਦਾ ਹੈ, ਧਰਤੀ ਤੇ ਭ੍ਰਮਦਾ ਫਿਰਦਾ ਹੈ, ਉਹ ਅੱਗੇ ਦਰਗਾਹੇ ਥਾਂ ਨਹੀਂ ਪਾਉਂਦਾ। ਉਥੇ ਦਰਗਾਹ ਵਿੱਚ ਇਹ ਗੱਲਾਂ ਕੰਮ ਨਹੀਂ ਆਉਂਦੀਆਂ। ਉਹ ਲੋਕਾਂ ਨੂੰ ਪਤਿਆਉਂਦਾ ਫਿਰਦਾ ਹੈ, ਗੁਰ ਫੁਰਮਾਨ ਇੰਜ ਹੈ:

– ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥ (੨੧੬)

ਹਜ਼ੂਰ ਹੋਰ ਫੁਰਮਾਉਂਦੇ ਹਨ ਕਿ ਜਿਹੜਾ ਕੋਈ ਮਨ ਕਾਮਨਾ ਵਾਲੇ ਤੀਰਥ ਤੇ ਜਾ ਵਸੇ ਤੇ ਫਿਰ ਉੱਤੇ ਆਰਾ ਧਰਵਾ ਕੇ ਦੋਫਾੜ ਸਰੀਰ ਕਰਵਾ ਲਵੇ, ਫਿਰ ਵੀ ਮਨ ਦੀ ਹਉਮੈ ਰੂਪੀ ਮੈਲ ਨਹੀਂ ਉੱਤਰਦੀ ਭਾਵੇਂ ਇਹੋ ਜਿਹੇ ਹੋਰ ਲੱਖ ਯਤਨ ਪਿਆ ਕਰੇ।

– ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥ (੬੪੨)

ਪੰਚਮ ਪਾਤਿਸ਼ਾਹ ਦਾ ਫੁਰਮਾਨ ਹੈ ਕਿ ਜੇ ਰਾਤ ਦਿਨ ਜਲ ਨਾਲ ਇਸ਼ਨਾਨ ਕਰੇ ਤਾਂ ਭੀ ਮਨ ਦੀ ਮੈਲ ਇਸ ਸਰੀਰ ਵਿੱਚੋਂ ਨਹੀਂ ਜਾ ਸਕਦੀ।

– ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ॥ (੨੬੫)

ਹਜ਼ੂਰ ਇਥੋਂ ਤਾਂਈਂ ਫੁਰਮਾਉਂਦੇ ਹਨ ਕਿ ਕਰੋੜਾਂ ਦਾਨ ਤੇ ਕਰੋੜਾਂ ਇਸ਼ਨਾਨ ਤੇ ਹੋਰ ਸੁਚਮਤਾਈਆਂ ਨਾਲ ਮਨ ਪਵਿੱਤਰ ਨਹੀਂ ਹੋ ਸਕਦਾ। ਜੇਕਰ ਹਰੀ ਦਾ ਨਾਮ ਰਸਨਾ ਨਾਲ ਜਪਿਆ ਜਾਏ ਤਾਂ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ। ਪ੍ਰਮਾਣ ਇਹ ਹੈ:

– ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ॥
ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ॥ (੭੦੬)

ਜਿਸ ਵੇਲੇ ਹਰੀ ਦਾ ਜਸ ਤੇ ਹਰੀ ਦੇ ਗੁਣ ਗਾਏ ਜਾਣ, ਉਸ ਵੇਲੇ ਕਰੋੜਾਂ ਮਜਨਾਂ ਦਾ ਇਸ਼ਨਾਨ ਹੋ ਜਾਂਦਾ ਹੈ। ਜਿਸ ਵੇਲੇ ਰਸਨਾ ਗੁਣਾਂ ਦੇ ਭੰਡਾਰ ਦੇ ਨਾਮ ਉਚਾਰਦੀ ਹੈ ਤਾਂ ਉਸਦੇ ਬਰਾਬਰ ਕੋਈ ਦਾਨ ਨਹੀਂ ਪੁੱਜਦਾ, ਤੁਕ ਹੈ:

– ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ॥
ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ॥ (੪੯)

ਹਜ਼ੂਰ ਦਾ ਫੁਰਮਾਨ ਹੈ ਕਿ ਸਾਡੇ ਤਾਂ ਕੇਵਲ ਨਾਮ ਹੀ ਮਜਨ ਇਸ਼ਨਾਨ ਹੈ ਅਤੇ ਨਾਮ ਹੀ ਪੂਰਨ ਦਾਨ ਹੈ:

– ਨਾਮੁ ਹਮਾਰੈ ਮਜਨ ਇਸਨਾਨੁ॥ ਨਾਮੁ ਹਮਾਰੈ ਪੂਰਨ ਦਾਨੁ॥ (੧੧੪੫)

ਸਾਡੇ ਤਾਂ ਕੇਵਲ ਏਕੈ ਹਰੀ ਹੀ ਹਰੀ ਹੈ ਹੋਰ ਕਿਸੇ ਦੀ ਸਿਆਣ ਨਹੀਂ ਕਰਦੇ। ਪ੍ਰਮਾਣ ਇਸ ਤਰ੍ਹਾਂ ਹੈ:

– ਹਮਾਰੈ ਏਕੈ ਹਰੀ ਹਰੀ॥ ਆਨ ਅਵਰ ਸਿਵਾਣਿ ਨ ਕਰੀ॥ (੭੧੫)

ਪੰਜਵੇਂ ਨਾਨਕ ਜੀ ਦਾ ਫੁਰਮਾਨ ਹੈ ਕਿ ਨਾਨਕ ਦੇ ਘਰ ਕੇਵਲ ਨਾਮ ਹੀ ਹੈ ਭਾਵ ਕਰਮ, ਧਰਮ, ਪੁੰਨ, ਦਾਨ, ਤੀਰਥ ਇਸ਼ਨਾਨ ਆਦਿਕ ਨੂੰ ਨਾਨਕ ਦੇ ਘਰ ਵਿੱਚ ਥਾਂ ਨਹੀਂ।

– ਨਾਨਕ ਕੈ ਘਰਿ ਕੇਵਲ ਨਾਮੁ॥ (੧੧੩੬)

ਗੁਰਧਾਮਾਂ ਦੇ ਦਰਸ਼ਨ ਕਰਨੇ ਚਾਹੀਦੇ ਹਨ, ਹੁਕਮ ਹੈ:

– ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥ (੪੫੦)

ਇਹ ਗੱਲ ਨੋਟ ਕਰਨ ਯੋਗ ਹੈ ਕਿ ਗੁਰਧਾਮਾਂ ਦੇ ਦਰਸ਼ਨਾਂ ਨਾਲ ਮਨ ਵਿੱਚ ਉਤਸ਼ਾਹ ਤੇ ਪ੍ਰੇਰਨਾ ਉਪਜਦੀ ਹੈ, ਗੁਰੂ ਸਾਹਿਬਾਨ ਦੇ ਕਾਰਨਾਮੇ ਚੇਤੇ ਆਉਂਦੇ ਹਨ, ਗੁਰਸਿੱਖਾਂ ਦੇ ਦਰਸ਼ਨ ਦੀਦਾਰੇ ਹੁੰਦੇ ਹਨ ਅਤੇ ਮਨ ਵਿੱਚ ਸਿੱਖੀ ਭਾਵਨਾ ਦ੍ਰਿੜ੍ਹ ਹੁੰਦੀ ਹੈ। ਪਰ ਜੇ ਇਹ ਆਖੋ ਕਿ ਇਸ਼ਨਾਨ ਨਾਲ ਪਾਪ ਦੂਰ ਹੋ ਜਾਂਦੇ ਹਨ ਤਾਂ ਇਹ ਗੁਰਮਤਿ ਨਹੀਂ। ਨਾਮ ਜਪਣ ਦੀ ਫਿਰ ਕੀ ਲੋੜ ਰਹਿ ਗਈ? ਪਾਪ ਕਰੀ ਚਲੋ ਤੇ ਇਸ਼ਨਾਨ ਨਾਲ ਪਾਪ ਲਾਹੀ ਚਲੋ। ਗੁਰਮਤਿ ਤੋਂ ਅਣਜਾਣ ਵੀਰ ਇਸ ਟਪਲੇ ਵਿੱਚ ਆ ਕੇ ਭੁਲੇਖੇ ਖਾ ਰਹੇ ਹਨ। ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੇ ਰਚੇ ਹੋਏ ਸਰੋਵਰ ਦੀ ਮਹੱਤਤਾ ਅਸੀਂ ਉਵੇਂ ਹੀ ਕਾਇਮ ਰੱਖਣੀ ਹੈ ਜਿਵੇਂ ਸਾਡੇ ਗੁਰਮੁਖ ਪਿਆਰਿਆਂ ਨੇ ਰੱਖੀ ਹੈ। ਗੁਰੂ ਰਾਮਦਾਸ ਸਰੋਵਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਅਨੇਕਾਂ ਕੁਰਬਾਨੀਆਂ ਹੋਈਆਂ ਹਨ, ਅਨੇਕ ਅਕਹਿ ਤੇ ਅਸਹਿ ਕਸ਼ਟ ਝੱਲੇ ਹਨ। ਇਸ ਯਾਦਗਾਰੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ, ਇਤਿਹਾਸ ਸਾਖੀ ਭਰ ਰਿਹਾ ਹੈ ਕਿ ਗੁਰੂ ਤੋਂ ਨਿਛਾਵਰ ਹੋਣ ਵਾਲੇ ਮਰਜੀਵੜਿਆਂ ਨੇ ਕਿਵੇਂ ਆਪਣੇ ਪ੍ਰਾਣ ਨਿਛਾਵਰ ਕਰ ਦਿੱਤੇ ਹਨ, ਸ਼ਹੀਦੀਆਂ ਤੋਂ ਪਿੱਛੇ ਨਹੀਂ ਹਟੇ। ਇਹ ਸਮੁੱਚੇ ਪੰਥ ਦੀ ਸਤਿਕਾਰਿਤ ਥਾਂ ਹੈ ਅਤੇ ਗੁਰੂ ਸਾਹਿਬ ਦੀ ਯਾਦਗਾਰ ਹੈ। ਆਨਮਤੀ ਆਖਦੇ ਹਨ ਕਿ ਜਲ ਵਿੱਚ ਨਾਉਣ ਨਾਲ ਪਾਪ ਨਸ਼ਟ ਹੋ ਜਾਂਦੇ ਹਨ। ਪਰ ਗੁਰਮਤਿ ਉਸਦੀ ਨਿਖੇਧੀ ਕਰਦੀ ਹੈ। ਕਸਵੱਟੀ ਇੱਕੋ ਹੀ ਹੁੰਦੀ ਹੈ ਦੋ ਨਹੀਂ, ਜਗਤ ਇਹ ਨਹੀਂ ਮੰਨਦਾ। ਜੇ ਹਿੰਦੂ ਤੀਰਥਾਂ ਦੇ ਇਸ਼ਨਾਨ ਨਾਲ ਮਨ ਦੀ ਹਉਮੈ ਰੂਪੀ ਮੈਲ ਤੇ ਪਾਪ ਦੂਰ ਨਹੀਂ ਹੋ ਸਕਦੇ ਤਾਂ ਫਿਰ ਆਪਣੇ ਤੀਰਥਾਂ ਤੇ ਕਿਵੇਂ ਹੋ ਸਕਦੇ ਹਨ?